(i) Printed Pages : 3 Roll No. ..............................

(ii) Questions : 6

**Sub. Code : 0 1 0 9**

**Exam. Code : 0 0 0 2**

**B.A./B.Sc. (General) 2nd Sem.**

**(2054)**

**PUNJABI**

**Paper : (Elective)**

**Time Allowed : Three Hours] [Maximum Marks : 90**

**ਨੋਟ :–** ਲਿਖਾਈ ਸੁੰਦਰ ਅਤੇ ਸਪੱਸ਼ਟ ਹੋਵੇ। ਪ੍ਰਸ਼ਨ ਦਾ ਪੂਰਾ ਭਾਗ ਇੱਕ ਥਾਂ ਕਰੋ।

1. (ੳ) ਕਿਸੇ **ਇੱਕ** ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਅਸੀਂ ਨਹੀਂ ਚਾਹੁੰਦੇ

ਪੁਲਸ ਦੀਆਂ ਲਾਠੀਆਂ ਤੇ ਟੰਗੀਆਂ ਕਿਤਾਬਾਂ ਨੂੰ ਪੜ੍ਹਨਾ

ਅਸੀਂ ਨਹੀਂ ਚਾਹੁੰਦੇ

ਹੁਨਰ ਦਾ ਗੀਤ, ਫ਼ੌਜੀ ਬੂਟਾਂ ਦੀਆਂ ਟਾਪਾਂ ਤੇ ਗਾਉਣਾ

ਅਸੀਂ ਤਾਂ ਰੁੱਖਾਂ ਉੱਤੇ ਛਣਕਦੇ ਸੰਗੀਤ ਨੂੰ

ਸਧਰਾਏ ਹੋਏ ਪੋਟਿਆਂ ਦੇ ਨਾਲ ਛੂਹ ਕੇ ਦੇਖਣਾ ਚਾਹੁੰਦੇ ਹਾਂ।

**ਜਾਂ**

ਮੇਰੀ ਤਸੀਰ ਇਕ ਸਿੱਕਾ ਹੈ ਜਿਸ ਦੇ ਦੋ ਪਹਿਲੂ ਨੇ।

ਕਿਸੇ ਲਈ ਦਰਦ ਬਣ ਜਾਵਾਂ ਕਿਸੇ ਲਈ ਮੈਂ ਦਵਾਈ ਹਾਂ।

ਇਹ ਰੁੱਤਾਂ ਸਾਰੀਆਂ ਮੈਨੂੰ ਮੇਰੇ ਹੀ ਅਨੁਕੂਲ ਜਾਪਣ।

ਮੈਂ ਬਾਰਸ਼ ਨੇ ਵੀ ਡੰਬੀ ਹਾਂ ਮੈਂ ਧੁੱਪ ਨੇ ਵੀ ਤਪਾਈ ਹਾਂ। 10

(ਅ) ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ ਲਿਖੋ :

(i) ਅੰਮੜੀ ਨੂੰ ਤਰਲਾ

(ii) ਬਲਦਾ ਪ੍ਰਸ਼ਨ। 10

2\. (ੳ) ਸਲੀਮ ਜਦੋਂ ਪਹਿਲੀ ਵਾਰ ਜ਼ਰੀਨਾ ਦਾ ਮੁਆਇਨਾ ਕਰਨ ਗਿਆ, ਤਾਂ ਉਸ ਉੱਤੇ ਉਸਦੀ ਸ਼ਖ਼ਸੀਅਤ ਤੇ ਹਾਲਤ ਦਾ ਕੀ ਪ੍ਰਭਾਵ ਪਿਆ ?

**ਜਾਂ**

ਹਵੇਲੀ ਵਿੱਚ ਡਾ. ਸਲੀਮ ਨੂੰ ਚੌਧਰੀ ਸਾਹਿਬ ਦੀ ਦੂਜੀ ਬੇਗਮ ਦੀ ਹਾਲਤ ਬਾਰੇ ਕੀ ਅਤੇ ਕਿਵੇਂ ਪਤਾ ਲੱਗਾ ਅਤੇ ਉਸਨੇ ਉਸਦਾ ਕੀ ਇਲਾਜ ਕੀਤਾ ? 10

(ਅ) ਬਲਦੇ ਦੀਵੇ ਨਾਵਲ ਦਾ ਨਾਇਕ ਕੌਣ ਹੈ ? ਉਸਦਾ ਚਰਿਤਰ ਚਿਤਰਨ ਕਰੋ।

**ਜਾਂ**

ਜ਼ਰੀਨਾ ਦੇ ਜਣੇਪੇ ਦਾ ਹਾਲ ਲਿਖੋ। 10

3\. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) 'ਮੇਰੀ ਕਵਿਤਾ' ਦਾ ਵਿਸ਼ਾ ਕੀ ਹੈ ?

(ਅ) 'ਦੀਵੇ ਦਾ ਕਰਮ' ਕਵਿਤਾ ਦਾ ਕੇਂਦਰੀ ਭਾਵ ਲਿਖੋ।

(ੲ) ਕਵੀ ਅਨੁਸਾਰ ਪਰਦੇਸ਼ ਵਿੱਚ ਰੋਜ਼ੀ ਦਾ ਸਫ਼ਰਨਾਮ ਕਿਹੋ ਜਿਹਾ ਹੈ ?

(ਸ) 'ਕਣਕਾਂ ਦੇ ਟੱਪੇ' ਕਿਸ ਕਵੀ ਦੀ ਰਚਨਾ ਹੈ ?

(ਹ) ਜ਼ਰੀਨਾ ਉੱਤੇ ਮੁੰਡੇ ਦੇ ਜਨਮ ਦੀ ਖ਼ਬਰ ਦਾ ਕੀ ਅਸਰ ਹੋਇਆ ?

(ਕ) ਚੌਧਰੀ ਸਾਹਿਬ ਦੇ ਪਿਉ-ਦਾਦੇ ਦਾ ਜ਼ਮਾਨਾ ਕਿਹੋ ਜਿਹਾ ਸੀ ?

(ਖ) ਚੌਧਰੀ ਬਰਕਤ ਰਸੂਲ ਕੌਣ ਸੀ ?

(ਗ) ਡਾ. ਸਲੀਮ ਦੀ ਮਾਂ ਬਾਰੇ ਤੁਸੀਂ ਕੀ ਜਾਣਦੇ ਹੋ ? $5 \times 2 = 10$

4. ਕਿਸੇ **ਚਾਰ** ਪ੍ਰਸ਼ਨਾਂ ਦੇ ਉੱਤਰ ਦਿਓ, ਉੱਤਰ **50** ਸ਼ਬਦਾਂ ਤੋਂ ਵੱਧ ਨਾ ਹੋਵੇ :

(ੳ) ਦੂਜੇ ਦੌਰ ਦੀ ਪੰਜਾਬੀ ਕਹਾਣੀ ਬਾਰੇ ਵਿਚਾਰ ਪੇਸ਼ ਕਰੋ।

(ਅ) ਸਫ਼ਰਨਾਮਾ ਦੀ ਪਰਿਭਾਸ਼ਾ ਦਿਓ। ਪੰਜਾਬੀ ਵਿੱਚ ਲਿਖੇ ਗਏ ਕਿਸ ਦੋ ਰੂਸੀ ਸਫ਼ਰਨਾਮਿਆਂ ਬਾਰੇ ਸੰਖੇਪ ਵਿੱਚ ਲਿਖੋ।

(ੲ) ਪਹਿਲੀ ਪੀੜ੍ਹੀ ਦੇ ਪੰਜਾਬੀ ਨਾਵਲਕਾਰਾਂ ਬਾਰੇ ਜਾਣਕਾਰੀ ਦਿਓ।

(ਸ) ਦਲੀਪ ਕੌਰ ਟਿਵਾਣਾ ਨੇ ਪੰਜਾਬੀ ਸਾਹਿਤ ਨੂੰ ਕੀ ਦੇਣ ਦਿੱਤੀ ? ਉਸ ਦੀਆਂ ਪ੍ਰਮੁੱਖ ਪੁਸਤਕਾਂ ਦੇ ਨਾਮ ਲਿਖੋ।

(ਹ) ਪੰਜਾਬੀ ਵਿੱਚ ਲਿਖੇ ਗਏ ਕਿਸੇ ਪੰਜ ਸਫ਼ਰਨਾਮਾਕਾਰਾਂ ਦੇ ਨਾਮ ਅਤੇ ਉਹਨਾਂ ਦੇ ਸਫ਼ਰਨਾਮਿਆਂ ਦੇ ਨਾਮ ਲਿਖੋ।

(ਕ) ਪੰਜਾਬੀ ਨਾਵਲ ਦੀ ਉਤਪਤੀ ਬਾਰੇ ਤੁਸੀਂ ਕੀ ਜਾਣਦੇ ਹੋ ?

$4\times5=20$

5. ਅਲੰਕਾਰ ਦੀ ਪਰਿਭਾਸ਼ਾ ਦਿਓ ਅਤੇ ਵਰਗੀਕਰਨ ਕਰੋ।

**ਜਾਂ**

ਧੁਨੀ ਸੰਪਰਦਾਇ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ। 10

6. ਸਾਹਿਤ ਕਿਸਨੂੰ ਕਹਿੰਦੇ ਹਨ ? ਸਾਹਿਤ ਦੇ ਤੱਤਾਂ ਦਾ ਵਰਨਣ ਕਰੋ।

**ਜਾਂ**

ਸਾਹਿਤ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਸਰੂਪ ਉੱਤੇ ਚਾਨਣਾ ਪਾਓ। 10